ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040218
Available online at: www.armaan.org.in
DOI: https://doi.org/10.64119/armaan.vol.4.issue2.18

# ਪੰਜਾਬੀ ਲੋਕਗੀਤ ਦਾ ਸਭਿਆਚਾਰਕ ਅਧਿਐਨ: ਬਾਲ-ਕਾਲ ਦੇ ਪ੍ਰਸੰਗ ਵਿਚ

# Punjabi Lokgeet Da Sabhiacharak Adhyayan: Baal-Kaal De Prasang Vich

**ਮਨਜੀਤ ਕੌਰ (Manjeet Kaur)**
ਖੋਜਾਰਥਣ, ਪੰਜਾਬੀ ਵਿਭਾਗ (Research Scholar, Dept. of Punjabi)
ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)-147002
Email ID: sidhumanjeetkaur291@gmail.com

**ਸਾਰ (Abstract)**

*ਪੰਜਾਬੀ ਲੋਕ ਗੀਤ ਸਾਡੇ ਅਮੀਰ ਸਭਿਆਚਾਰਕ ਵਿਰਸੇ ਦਾ ਅਨਿੱਖੜਵਾਂ ਅੰਗ ਹਨ ਜੋ ਮਨੁੱਖੀ ਜੀਵਨ ਦੇ ਹਰ ਪੜਾਅ ਦੀ ਤਰਜਮਾਨੀ ਕਰਦੇ ਹਨ। ਪ੍ਰਸਤੁਤ ਖੋਜ-ਪੱਤਰ ਵਿੱਚ 'ਬਾਲ ਕਾਲ' ਦੇ ਪ੍ਰਸੰਗ ਵਿੱਚ ਪੰਜਾਬੀ ਲੋਕ ਗੀਤਾਂ ਦਾ ਸਭਿਆਚਾਰਕ ਅਤੇ ਸਮਾਜਿਕ ਵਿਸ਼ਲੇਸ਼ਣ ਕੀਤਾ ਗਿਆ ਹੈ। ਬਚਪਨ ਮਨੁੱਖੀ ਸ਼ਖ਼ਸੀਅਤ ਦੀ ਨੀਂਹ ਹੁੰਦਾ ਹੈ ਅਤੇ ਲੋਕਗੀਤ ਇਸ ਨੀਂਹ ਨੂੰ ਸਭਿਆਚਾਰਕ ਕਦਰਾਂ-ਕੀਮਤਾਂ ਨਾਲ ਸਿੰਜਣ ਦਾ ਅਹਿਮ ਕਾਰਜ ਕਰਦੇ ਹਨ। ਇਸ ਅਧਿਐਨ ਰਾਹੀਂ ਇਹ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਲੋਰੀਆਂ, ਥਾਲ, ਕਿੱਕਲੀ, ਅਤੇ ਖੇਡ-ਗੀਤ ਬੱਚੇ ਦੇ ਮਾਨਸਿਕ, ਭਾਸ਼ਾਈ ਅਤੇ ਸਮਾਜਿਕ ਵਿਕਾਸ ਵਿੱਚ ਸਹਾਈ ਹੁੰਦੇ ਹਨ। ਲੋਰੀਆਂ ਜਿੱਥੇ ਬੱਚੇ ਨੂੰ ਮਾਂ ਦੀ ਮਮਤਾ ਅਤੇ ਸੁਰੱਖਿਆ ਦਾ ਅਹਿਸਾਸ ਕਰਵਾਉਂਦੀਆਂ ਹਨ, ਉੱਥੇ ਹੀ ਖੇਡ-ਗੀਤ ਬੱਚਿਆਂ ਵਿੱਚ ਸਮੂਹਿਕ ਸਾਂਝ ਅਤੇ ਨੈਤਿਕਤਾ ਦੀ ਭਾਵਨਾ ਪੈਦਾ ਕਰਦੇ ਹਨ। ਨਿਸ਼ਕਰਸ਼ ਵਜੋਂ ਅਜੋਕੇ ਮਸ਼ੀਨੀ ਅਤੇ ਡਿਜੀਟਲ ਯੁੱਗ ਵਿੱਚ ਇਹ ਲੋਕ ਗੀਤ ਅਲੋਪ ਹੋ ਰਹੇ ਹਨ। ਇਹ ਖੋਜ ਪੱਤਰ ਇਹਨਾਂ ਦੇ ਪੁਨਰ-ਸੁਰਜੀਤੀ ਦੀ ਲੋੜ 'ਤੇ ਜ਼ੋਰ ਦਿੰਦਾ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਆਪਣੀਆਂ ਸਭਿਆਚਾਰਕ ਜੜ੍ਹਾਂ ਨਾਲ ਜੁੜੀ ਰਹਿ ਸਕੇ।*

***ਕੀਵਰਡ (Keyword):*** *ਲੋਕ ਗੀਤ, ਬਾਲ-ਕਾਲ, ਸਭਿਆਚਾਰ, ਲੋਰੀਆਂ, ਖੇਡ-ਗੀਤ, ਸਮਾਜੀਕਰਨ।*

ਲੋਕ ਸਾਹਿਤ ਦੇ ਅੰਤਰਗਤ ਆਉਂਦੇ ਵੱਖ-ਵੱਖ ਕਾਵਿ ਰੂਪਾਂ ਵਿਚੋਂ ਲੋਕਗੀਤਾਂ ਦਾ ਮਹੱਤਵਪੂਰਨ ਸਥਾਨ ਹੈ। ਲੋਕਗੀਤ ਕਿਸੇ ਵਿਸ਼ੇਸ਼ ਭੂਗੋਲਿਕ ਖੇਤਰ ਵਿਚ ਵੱਸਦੇ ਲੋਕਾਂ ਦੇ ਜੀਵਨ ਵਿਹਾਰ ਵਿਚੋਂ ਸਿਰਜੇ ਜਾਂਦੇ ਹਨ ਅਤੇ ਨਾਲ ਹੀ ਇਹ ਇਸ ਜੀਵਨ ਵਿਹਾਰ ਨੂੰ ਪੇਸ਼ ਵੀ ਕਰਦੇ ਹਨ। ਇਨ੍ਹਾਂ ਲੋਕਗੀਤਾਂ ਵਿਚ ਕਿਸੇ ਸਭਿਆਚਾਰ ਦੀ ਸਮੁੱਚੀ ਜੀਵਨ-ਜਾਚ ਰੂਪਮਾਨ ਹੁੰਦੀ ਹੈ। ਲੋਕਗੀਤਾਂ ਵਿਚੋਂ ਕਿਸੇ ਵੀ ਕੌਮ ਜਾਂ ਸਮਾਜ ਦੀ ਰੂਪਰੇਖਾ ਨੂੰ ਬੜੀ ਆਸਾਨੀ ਨਾਲ ਪਹਿਚਾਣਿਆ ਜਾ ਸਕਦਾ ਹੈ। ਕਿਸੇ ਦੇਸ, ਕੌਮ ਜਾਂ ਧਰਮ ਦਾ ਇਤਿਹਾਸ ਜਾਣਣ ਲਈ ਉਸ ਖਿੱਤੇ ਦੇ ਲੋਕਗੀਤ ਸਾਰਥਿਕ ਤੇ ਸਥਾਈ ਸਰੋਤ ਵਜੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਲੋਕਗੀਤ ਕਿਸੇ ਸਭਿਆਚਾਰ ਦੇ ਲੋਕ ਜੀਵਨ ਦੇ ਸਰਬਪੱਖੀ ਅਥਵਾ ਸਮੁੱਚੇ ਚੌਖਟੇ ਨੂੰ ਪੂਰੀ ਤਰ੍ਹਾਂ ਸਮੇਟਣ ਵਿਚ ਕੁਸ਼ਲ ਹੁੰਦੇ ਹਨ। ਮਾਨਵੀ ਜੀਵਨ ਦਾ ਕੋਈ ਵੀ ਅਜਿਹਾ ਪੱਖ ਨਹੀਂ ਹੈ ਜੋ ਲੋਕਗੀਤਾਂ ਦੇ ਦਾਇਰੇ ਵਿਚ ਸ਼ਾਮਿਲ ਨਾ ਹੁੰਦਾ ਹੋਵੇ। ਲੋਕਗੀਤ ਕੇਵਲ ਮਾਨਸਿਕ ਵੇਦਨਾਵਾਂ ਦਾ ਹੀ ਪ੍ਰਗਟਾਵਾ ਮਾਤਰ ਨਹੀਂ ਹੁੰਦੇ ਸਗੋਂ ਇੰਨ੍ਹਾਂ ਵਿਚ ਕਿਸੇ ਵਿਸ਼ੇਸ਼ ਸਮੂਹ ਦੀ ਸਮੁੱਚੀ ਸੰਸਕ੍ਰਿਤੀ ਤੇ ਇਤਿਹਾਸ ਦੀ ਨੁਹਾਰ ਝਲਕਦੀ ਹੈ ਜੇਕਰ ਕਿਸੇ ਵੀ ਖਿੱਤੇ ਦੇ ਲੋਕਾਂ ਦੇ ਮਨੋਵਿਗਿਆਨਕ ਇਤਿਹਾਸ ਅਤੇ ਸਭਿਆਚਾਰਕ ਇਤਿਹਾਸ ਨੂੰ ਉਲੀਕਣਾ ਹੋਵੇ ਤਾਂ ਉੱਥੋਂ ਦੇ ਲੋਕਗੀਤਾਂ ਦੇ ਅਧਿਐਨ ਰਾਹੀਂ ਇਸਨੂੰ ਪੁਖਤਾ ਰੂਪ ਵਿਚ ਉਲੀਕਿਆ ਜਾ ਸਕਦਾ ਹੈ। ਪੰਜਾਬੀ ਲੋਕਧਾਰਾ ਅਧਿਐਨ ਦੇ ਅੰਤਰਗਤ ਸਮੇਂ ਸਮੇਂ ਤੇ ਲੋਕਗੀਤਾਂ ਅਤੇ ਪੰਜਾਬੀ ਲੋਕਗੀਤਾਂ ਦੇ ਵੱਖ-ਵੱਖ ਪਹਿਲੂਆਂ ਉਪਰ ਖੋਜ ਕਾਰਜ ਹੁੰਦਾ ਰਿਹਾ ਹੈ। ਪੰਜਾਬੀ ਲੋਕਗੀਤਾਂ ਦਾ ਅਧਿਐਨ ਕਰਨ ਵਾਲੇ ਖੋਜਾਰਥੀਆਂ ਅਤੇ ਵਿਦਵਾਨਾਂ ਦਾ ਵਧੇਰੇ ਰੁਝਾਨ ਕਿਸੇ ਵਿਸ਼ੇਸ਼ ਖੇਤਰ ਦੇ ਲੋਕਗੀਤਾਂ ਦੇ ਅਧਿਐਨ ਵੱਲ ਵਧੇਰੇ ਰਿਹਾ ਹੈ। ਪੰਜਾਬੀ ਲੋਕਧਾਰਾ ਦੇ ਖੋਜੀ ਹੁਣ ਤੱਕ ਕਿਸੇ ਵਿਸ਼ੇ ਖਿੱਤੇ ਦੇ ਲੋਕਗੀਤਾਂ ਨੂੰ ਸੰਕਲਿਤ ਕਰਨ ਦਾ ਕਾਰਜ ਤਾਂ ਕਰਦੇ ਰਹੇ ਹਨ ਪ੍ਰੰਤੂ ਇਨ੍ਹਾਂ ਦੇ ਅਧਿਐਨ ਪ੍ਰਤੀ ਉਹਨਾਂ ਨੇ ਉਦਾਸੀਨਤਾ ਵਾਲਾ ਰਵੱਈਆ ਹੀ ਅਖ਼ਤਿਆਰ ਕੀਤਾ। ਬਾਲ ਕਾਲ ਦੇ ਪੰਜਾਬੀ ਲੋਕਗੀਤਾਂ ਦੇ ਸਭਿਆਚਾਰਕ ਅਧਿਐਨ ਨਾਲ ਜਿੱਥੇ ਇਨ੍ਹਾਂ ਲੋਕਗੀਤਾਂ ਦੇ ਵਿਭਿੰਨ ਪਸਾਰ ਸਾਹਮਣੇ ਆ ਸਕਦੇ ਹਨ ਉੱਥੇ ਇਨ੍ਹਾਂ ਦਾ ਸੰਕਲਨ ਅਤੇ ਸਭਿਆਚਾਰਕ ਅਧਿਐਨ ਕਰਕੇ ਇਨ੍ਹਾਂ ਵਿਚੋਂ ਮਹੱਤਵਪੂਰਨ ਤੱਥਾਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ।

ਮੁੱਢ ਕਦੀਮ ਤੋਂ ਹੀ ਲੋਕ ਸਾਹਿਤ ਮਨੁੱਖੀ ਜੀਵਨ ਦਾ ਅਨਿਖੜਵਾਂ ਅੰਗ ਰਿਹਾ ਹੈ। ਸੱਭਿਆ ਸਮਾਜ ਦੇ ਵਿਕਾਸ ਦੀ ਕਹਾਣੀ ਦਾ ਇਤਿਹਾਸ ਇਸ ਵਿਚ ਸਾਂਭਿਆ ਪਿਆ ਹੈ। ਆਦਿ ਮਨੁੱਖ ਇਸ ਦੁਆਰਾ ਆਪਣੀਆਂ ਖੁਸ਼ੀਆਂ ਗ਼ਮੀਆਂ, ਮਨੋਭਾਵਾਂ ਅਤੇ ਆਸ਼ਾਵਾਂ ਦਾ ਪ੍ਰਗਟਾਵਾ ਕਰਦਾ ਆਇਆ ਹੈ। ਲੋਕ ਸਾਹਿਤ ਵਿਚ ਕਿਸੇ ਸਮਾਜ ਅਥਵਾ ਜਾਤੀ ਦੇ ਸੰਸਕ੍ਰਿਤਕ ਤੇ ਸਭਿਆਚਾਰਕ ਅੰਸ਼ ਸਮੋਏ ਹੁੰਦੇ ਹਨ। ਪੰਜਾਬੀ ਲੋਕ ਸਾਹਿਤ, ਸੰਸਾਰ ਦੇ ਲੋਕ ਸਾਹਿਤ ਵਾਂਗ ਪੰਜਾਬੀ ਲੋਕ ਜੀਵਨ ਦਾ ਦਰਪਣ ਹੈ ਜਿਸ ਵਿਚ ਪੰਜਾਬ ਦੀ ਨੱਚਦੀ, ਗਾਉਂਦੀ ਤੇ ਜੂਝਦੀ ਸੰਸਕ੍ਰਿਤੀ ਸਾਫ਼ ਨਜ਼ਰ ਆਉਂਦੀ ਹੈ। ਬਾਲ-ਕਾਲ ਦੇ ਲੋਕਗੀਤ ਪੰਜਾਬੀ ਲੋਕ ਸਾਹਿਤ ਦਾ ਅਜਿਹਾ

ਰੂਪ ਹੈ, ਜਿਸ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਲੋਕ ਜੀਵਨ ਧੜਕਦਾ ਸਾਫ਼ ਦਿਖਾਈ ਦਿੰਦਾ ਹੈ। ਇਨ੍ਹਾਂ ਵਿਚ ਐਨੀ ਵੰਨ-ਸੁਵੰਨਤਾ ਹੈ ਕਿ ਸ਼ਾਇਦ ਹੀ ਜ਼ਿੰਦਗੀ ਦਾ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਲੋਕਗੀਤ ਨਾ ਮਿਲਦਾ ਹੋਵੇ। ਇਹ ਹਜ਼ਾਰਾਂ ਦੀ ਗਿਣਤੀ ਵਿਚ ਉਪਲਬਧ ਹਨ। ਪੰਜਾਬੀ ਆਪਣਾ ਸਾਰਾ ਜੀਵਨ ਹੀ ਨੱਚਦੇ ਗਾਉਂਦੇ ਬਤੀਤ ਕਰਦੇ ਹਨ। ਪੰਜਾਬੀ ਬਾਲ ਦੇ ਜਨਮ ਦੇ ਨਾਲ ਹੀ ਪੰਜਾਬੀ ਮਾਂ ਲੋਰੀਆਂ ਦੀ ਸਿਰਜਣਾ ਕਰਦੀ ਹੈ। ਮਾਂ ਦੇ ਮਮਤਾ ਭਰੇ ਥਾਪੜੇ ਅਤੇ ਲੋਰੀ ਦੀ ਮਿੱਠੀ ਸੁਰ ਨਾਲ ਬੱਚਾ ਮਾਂ ਦੀ ਗੋਦ ਵਿਚ ਗੂੜ੍ਹੀ ਨੀਂਦਰ ਦੇ ਝੂਟੇ ਲੈਣ ਲੱਗ ਜਾਂਦਾ ਹੈ। ਬਾਲਪਨ ਦੇ ਆਪਣੇ ਗੀਤ ਹਨ। ਬੱਚੇ ਖੇਡਾਂ ਖੇਡਦੇ ਹੋਏ ਅਨੇਕਾਂ ਗੀਤ ਗਾਉਂਦੇ ਹਨ। ਸਕੂਲਾਂ ਵਿਚ ਪੜ੍ਹਦੇ ਬੱਚੇ ਫੱਟੀਆਂ ਸੁਕਾਉਂਦੇ ਹੋਏ ਗੀਤ ਗਾਉਂਦੇ ਹਨ। ਨਿੱਕੀਆਂ ਬੱਚੀਆਂ ਥਾਲ ਤੇ ਕਿੱਕਲੀ ਪਾਉਂਦੀਆਂ ਹੋਈਆਂ ਗੀਤਾਂ ਦੀ ਝੜੀ ਲਾ ਦਿੰਦੀਆਂ ਹਨ। ਉਪਰੋਕਤ ਅਧਿਐਨ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬਾਲ ਕਾਲ ਦੇ ਪੰਜਾਬੀ ਲੋਕਗੀਤ ਪੰਜਾਬੀ ਲੋਕ ਸਾਹਿਤ ਅਤੇ ਲੋਕ ਕਾਵਿ ਦੀ ਇਕ ਮਹੱਤਵਪੂਰਨ ਵੰਨਗੀ ਹੈ ਜੋ ਆਪਣੇ ਵਿਧਾਗਤ ਸਰੂਪ ਦੇ ਕਾਰਨ ਵੱਖਰਤਾ ਦੀ ਧਾਰਨੀ ਹੈ। ਇਨ੍ਹਾਂ ਲੋਕਗੀਤਾਂ ਵਿਚ ਬੱਚਿਆ ਦੇ ਅੰਤਰੀਵ ਦੀ ਪੇਸ਼ਕਾਰੀ ਕਰਨ ਦੇ ਨਾਲ ਨਾਲ ਪੰਜਾਬੀ ਸਮਾਜ ਸਭਿਆਚਾਰ, ਰਸਮਾਂ ਰੀਤਾਂ ਅਤੇ ਲਿੰਗ ਅਧਾਰਿਤ ਉਸਰੀ ਪੰਜਾਬੀ ਮਾਨਸਿਕਤਾ ਦੀ ਪੇਸ਼ਕਾਰੀ ਭਰਪੂਰ ਰੂਪ ਵਿਚ ਉਭਰਕੇ ਸਾਹਮਣੇ ਆਉਂਦੀ ਹੈ।

*"ਪੰਜਾਬੀ ਲੋਕਗੀਤਾਂ ਵਿਚ ਪੰਜਾਬੀ ਜਨ ਜੀਵਨ ਨਾਲ ਸਬੰਧਤ ਹਰੇਕ ਰਸਮ ਰਿਵਾਜ਼ ਬਾਰੇ ਸੰਕੇਤ ਮਿਲਦੇ ਹਨ। ਇਨ੍ਹਾਂ ਲੋਕਗੀਤਾਂ ਰਾਹੀਂ ਸਮਾਜਿਕ ਪ੍ਰਾਣੀ ਨੂੰ ਸਮਾਜਿਕ ਚੇਤਨਾ ਵੀ ਕਰਵਾਈ ਜਾਂਦੀ ਹੈ। ਪੰਜਾਬੀ ਦੇ ਜਨਮ ਸਮੇਂ ਘਰ ਵਿਚ ਦੇਸੀ ਘਿਓ ਦੇ ਦੀਵੇ ਜਗਾਏ ਜਾਂਦੇ ਹਨ। ਉਸ ਦੇ ਜਨਮ ਤੇ ਨਜ਼ੂਮੀਆਂ ਕੋਲੋਂ ਜਨਮ ਪੱਤਰੀਆਂ ਬਣਵਾਈਆਂ ਜਾਂਦੀਆਂ ਹਨ, ਅਜੋਕੀ ਸਮਾਜਿਕ ਬਣਤਰ ਅਨੁਸਾਰ ਬੱਚੇ ਦਾ ਮੰਗਲ-ਸੁਆਗਤ ਕੀਤਾ ਜਾਂਦਾ ਹੈ। ਇਹ ਕਥਨ ਪ੍ਰਚਲਤ ਹੈ ਕਿ ਪੁੱਤਰ ਦੇ ਜਨਮ ਨਾਲ ਮਾਪੇ ਪਿੱਤਰੀ-ਰਿਣ ਤੋਂ ਮੁਕਤ ਹੋ ਜਾਂਦੇ ਹਨ। ਬਚਪਨ ਵਿਚ ਬੱਚੇ ਦੀ ਮਾਂ ਉਸ ਨੂੰ ਲੋਰੀ ਦੇਂਦੀ ਹੈ। ਬੱਚਾ ਵੱਡਾ ਹੋ ਕੇ ਜੀਵਨ-ਖੇਡ ਵਿਚ ਮਸਤ ਹੋ ਜਾਂਦਾ ਹੈ। ਉਹ ਜਿਸ ਖੇਤਰ ਵਿਚ ਵੀ ਆਪਣੀ ਦਿਲਚਸਪੀ ਰੱਖਦਾ ਹੈ, ਉਥੇ ਵੀ ਲੋਕਗੀਤ ਉਸ ਦੇ ਆਲੇ-ਦੁਆਲੇ ਰਹਿੰਦੇ ਹਨ।"*[1]

ਸਭਿਆਚਾਰ ਮਨੁੱਖੀ ਜੀਵਨ ਜਾਚ ਨਾਲ ਜੁੜਿਆ ਇਕ ਅਜਿਹਾ ਵਰਤਾਰਾ ਹੈ ਜਿਸ ਵਿਚ ਮਨੁੱਖੀ ਵਿਹਾਰ, ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹਨ। ਮਨੁੱਖ ਸਿਰਜਤ ਵਰਤਾਰਾ ਹੋਣ ਕਰਕੇ ਹੀ ਇਸ ਦੀ ਸਿਰਜਣਾ ਕਰਨ ਵਾਲੇ ਸਮੂਹਾਂ ਦੇ ਹਿੱਤਾਂ ਦੀ ਸ਼ਮੂਲੀਅਤ ਇਸ ਵਿਚ ਸ਼ਾਮਿਲ ਹੁੰਦੀ ਹੈ। ਸਭਿਆਚਾਰ ਅਧਿਐਨ ਰਾਹੀਂ ਇਸ ਦੇ ਸਿਰਜਕਾਂ ਦੇ ਹਿੱਤਾਂ ਦੀ ਪਛਾਣ ਕੀਤੀ ਜਾਂਦੀ ਹੈ।

*"ਸਭਿਆਚਾਰਕ ਅਧਿਐਨ ਅਸਲ ਵਿਚ ਤਾਂ ਸਭਿਆਚਾਰ ਅੰਦਰ ਮੌਜੂਦ ਵਰਗਗਤ ਹਿੱਤਾਂ ਅਤੇ ਵਿਚਾਰਧਾਰਾਵਾਂ ਦੇ ਅੰਤਰ ਸਬੰਧਾਂ ਦੇ ਇਤਿਹਾਸਕ ਆਧਾਰਾਂ ਨੂੰ ਪਛਾਣਦਿਆਂ, ਉਸ ਦੇ ਲੱਛਣਾਂ ਨੂੰ ਉਜਾਗਰ ਕਰਦਿਆਂ ਅਤੇ ਉਸ ਦੇ ਰਾਹੀਂ ਅਰਥਾਂ ਦੇ ਸਿਰਜਣ/ਸੰਚਾਰਨ ਅਤੇ ਪ੍ਰਭਾਵ ਨੂੰ ਸਮਝਣ ਦਾ ਢੰਗ ਹੈ। ਇਹੀ ਸਮੁੱਚੀ ਸੱਤਾ ਦੀ ਖੇਡ ਦੇ ਜੀਵਨ ਉੱਪਰ ਪਏ ਪ੍ਰਭਾਵਾਂ ਨੂੰ ਸਮਝਣ ਦਾ ਯਤਨ ਹੈ।"*[2]

ਇਸ ਤਰ੍ਹਾਂ ਕਿਸੇ ਖ਼ਾਸ ਖਿੱਤੇ, ਸਮੂਹ ਜਾਂ ਭਾਈਚਾਰੇ ਦੇ ਬਾਲ-ਕਾਲ ਦੇ ਪੰਜਾਬੀ ਲੋਕਗੀਤ ਨੂੰ ਜਾਨਣ ਲਈ ਉਹਨਾਂ ਦੀ ਸਭਿਆਚਾਰਕ ਨਬਜ਼ ਨੂੰ ਛੂਹਣਾ ਜ਼ਰੂਰੀ ਬਣ ਜਾਂਦਾ ਹੈ। ਸੋ ਖੋਜ-ਕਾਰਜ ਦਾ ਉਦੇਸ਼ ਇਕ ਸਾਲ ਤੋਂ ਬਾਰਾਂ ਸਾਲ ਦੇ ਬੱਚਿਆ ਭਾਵ ਬਾਲ ਉਮਰ ਦੇ ਪੰਜਾਬੀ ਲੋਕ-ਗੀਤਾਂ ਦੇ ਇਕੱਤਰੀਕਰਨ ਦਾ ਸਭਿਆਚਾਰਕ ਅਧਿਐਨ ਕਰਨਾ ਹੈ। ਇਸ ਪੇਪਰ ਰਾਹੀਂ ਬਾਲ-ਕਾਲ ਦੇ ਸਭਿਆਚਾਰਕ ਰਿਸ਼ਤੇ-ਨਾਤਿਆਂ ਦੇ ਆਪਸੀ ਪਿਆਰ, ਈਰਖਾ, ਰੋਸੇ, ਹਾਸੇ, ਮਨੋਭਾਵਾਂ, ਮਨੋਇਛਾਵਾਂ ਆਦਿ ਦੀ ਤਰਜ਼ਮਾਨੀ ਬਹੁਤ ਹੀ ਭਾਵਪੂਰਤ ਢੰਗ ਨਾਲ ਕੀਤੀ ਜਾਵੇਗੀ। ਇਨ੍ਹਾਂ ਰਾਹੀਂ ਬਾਲ ਕਾਲ ਦੀ ਸੰਸਕ੍ਰਿਤੀ ਦਾ ਸੱਚਾ ਤੇ ਸਜੀਵ ਚਿਤਰ ਅਭਿਵਿਅਕਤ ਹੋਵੇਗਾ। ਲੋਕਗੀਤ ਪੰਜਾਬੀ ਬਾਲ-ਜੀਵਨ ਦੀ ਸਾਦੀ ਜੀਵਨ-ਜਾਚ, ਕਾਰ-ਵਿਹਾਰ ਅਤੇ ਰਸਮਾਂ-ਰੀਤਾਂ ਦਾ ਤਾਣਾ-ਬਾਣਾ ਹੁੰਦੇ ਹਨ। ਪੰਜਾਬੀ ਸਭਿਆਚਾਰ ਵਿਚ ਬਾਲ-ਜੀਵਨ ਦੇ ਜਨਮ ਤੋਂ ਲੈ ਕੇ ਬਾਰਾਂ ਸਾਲਾਂ ਤੱਕ ਦੀ ਅਜਿਹੀ ਕੋਈ ਝਾਕੀ ਨਹੀਂ ਹੈ ਜੋ ਲੋਕਗੀਤਾਂ ਰਾਹੀਂ ਦ੍ਰਿਸ਼ਟਮਾਨ ਨਾ ਹੋਈ ਹੋਵੇ। ਔਰਤਾਂ ਨੇ ਲੋਕਗੀਤਾਂ ਰਾਹੀਂ ਆਪਣੇ ਅੰਤਰੀਵ ਭਾਵਾਂ ਦਾ ਵਿਰੇਚਨ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਕੀਤਾ ਹੈ। ਇਨ੍ਹਾਂ ਲੋਕਗੀਤਾਂ ਵਿਚੋਂ ਪੰਜਾਬੀ ਸਮਾਜ, ਸਭਿਆਚਾਰ ਵਿਚਲੀ ਲਿੰਗ ਤੇ ਜਾਤੀ ਆਧਾਰਿਤ ਉਸਰੀ ਬਾਲ ਮਾਨਸਿਕਤਾ ਦਾ ਪ੍ਰਗਟਾਵਾ ਵੀ ਭਲੀਭਾਂਤ ਹੋ ਜਾਂਦਾ ਹੈ।

ਮਾਨਵੀ ਜੀਵਨ ਦਾ ਇਤਿਹਾਸਕ ਸਫ਼ਰ ਪ੍ਰਕਿਰਤੀ ਤੋਂ ਸੰਸਕ੍ਰਿਤੀ ਦਾ ਹੈ। ਇਸ ਸੰਸਕ੍ਰਿਤਕ ਸਫ਼ਰ ਅੰਦਰ ਮਨੁੱਖ ਨੇ ਪ੍ਰਕਿਰਤੀ ਦੇ ਸਮਾਨਾਂਤਰ ਜਿਸ ਸਮਾਜ ਦੀ ਸਿਰਜਣਾ ਕੀਤੀ ਹੈ। ਉਸ ਨੂੰ ਸਭਿਅਤਾ ਅਤੇ ਸਭਿਆਚਾਰ ਦੇ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ। ਜਿਥੇ ਸਭਿਅਤਾ ਨੂੰ ਸਮਾਜ ਦੀਆਂ ਪਦਾਰਥਕ ਅਤੇ ਭੌਤਿਕ ਪ੍ਰਾਪਤੀਆਂ ਨਾਲ ਸਬੰਧਿਤ ਕੀਤਾ ਜਾਂਦਾ ਹੈ, ਉਥੇ ਸਭਿਆਚਾਰ ਨੂੰ ਮਨੁੱਖੀ ਜੀਵਨ ਦੀ ਸ਼ੈਲੀ ਦੇ ਰੂਪ ਵਿਚ ਪ੍ਰਵਾਨ ਕੀਤਾ ਜਾਦਾ ਹੈ। ਬਾਲ-ਕਾਲ ਨਾਲ ਸਬੰਧਿਤ ਪੰਜਾਬੀ ਲੋਕਗੀਤ ਪੰਜਾਬ ਦੇ ਲੋਕ ਜੀਵਨ ਦਾ ਅਨਿੱਖੜ ਅੰਗ ਹਨ, ਜਿਨ੍ਹਾਂ ਦਾ ਬੱਚੇ ਦੇ ਜੰਮਣ ਤੋਂ ਲੈ ਕੇ 12 ਸਾਲ ਦੀ ਉਮਰ ਤਕ ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਹੈ ਜਿਸ ਸਬੰਧੀ ਲੋਕਗੀਤ ਉਪਲਬਧ ਨਾ ਹੋਣ। ਲੋਕਗੀਤਾਂ ਬਾਰੇ ਇਹ ਧਾਰਨਾ ਆਮ ਪ੍ਰਚੱਲਿਤ ਹੈ ਕਿ ਬੱਚਾ ਜੰਮਦਾ ਹੀ ਪੰਜਾਬੀ ਗੀਤਾਂ ਵਿਚ ਹੈ। ਪੰਜਾਬੀ ਸਭਿਆਚਾਰ ਵਿਚ ਬੱਚੇ ਦੀ ਪਰਵਰਿਸ਼ ਨਾਲ ਹੀ ਲੋਕਗੀਤ ਆਰੰਭ ਹੋ ਜਾਂਦੇ ਹਨ। ਪੁੱਤਰ ਜਨਮ, ਧਮਾਣ, ਤੜਾਗੀ, ਨਾਮਕਰਨ, ਮੁੰਡਨ, ਆਦਿ ਵੱਖ-ਵੱਖ ਮੌਕਿਆਂ 'ਤੇ ਗੀਤ ਗਾਏ ਜਾਂਦੇ ਹਨ। ਰੋਂਦੇ ਬੱਚੇ ਨੂੰ ਚੁੱਪ ਕਰਾਉਂਣ ਅਤੇ ਉਸ ਨੂੰ ਸਵਾਉਣ ਲਈ ਮਾਂ ਜਾਂ ਭੈਣ ਵਲੋਂ ਲੋਰੀਆਂ ਗਾਈਆਂ ਜਾਂਦੀਆਂ ਹਨ ਪ੍ਰੰਤੂ ਕੁਝ ਲੋਕਗੀਤ ਅਜਿਹੇ ਹਨ, ਜਿਨ੍ਹਾਂ ਨੂੰ ਕੇਵਲ ਬੱਚੇ ਹੀ ਗਾਉਂਦੇ ਹਨ। ਬੱਚਿਆਂ ਲਈ ਖੇਡਾਂ ਬਹੁਤ ਪਿਆਰੀਆਂ ਹੁੰਦੀਆਂ ਹਨ। ਇਸ ਲਈ ਉਹ ਖੇਡਣ ਸਮੇਂ ਨਾਲ-ਨਾਲ ਗੀਤ ਵੀ ਗਾਉਂਦੇ ਹਨ। ਕੋਟਲਾ ਛਪਾਕੀ, ਤੋਵੇ ਤੋਤੜਿਆ, ਕਾਲੀਆਂ ਇੱਟਾਂ ਕਾਲੇ ਰੋੜ, ਉੱਕੜ-ਦੁੱਕੜ ਭੰਬਾ ਭੌ ਅਤੇ ਆਕਾ ਬਾਕਾ, ਆਦਿ ਸਾਰੇ ਪੰਜਾਬ ਵਿਚ ਬੱਚਿਆਂ ਦੇ ਹਰਮਨ ਪਿਆਰੇ ਗੀਤ ਹਨ। ਆਕੇ ਬਾਕੇ, ਥਾਲ ਤੇ ਕਿੱਕਲੀ ਬੱਚਿਆਂ ਦੇ ਗੀਤਾਂ ਦੀਆਂ ਵਿਸ਼ੇਸ਼ ਕਿਸਮਾਂ ਹਨ। ਕਿੱਕਲੀ ਅਸਲ ਵਿਚ ਛੋਟੀਆਂ ਕੁੜੀਆਂ ਦਾ ਨ੍ਰਿਤ-

ਗੀਤ ਹੈ। ਇਕ-ਦੂਜੀ ਦਾ ਹੱਥ ਫੜ ਕੇ ਬਾਲੜੀਆਂ ਕਿੱਕਲੀ ਪਾਉਂਦੀਆਂ, ਨੱਚਦੀਆਂ ਅਤੇ ਨਾਲ-ਨਾਲ ਗੀਤ ਦੇ ਬੋਲ ਉਚਾਰਦੀਆਂ ਹਨ। ਮੀਂਹ ਸਮੇਂ ਗਿੱਲੀ ਮਿੱਟੀ ਦੇ ਗੋਲੇ ਬਣਾ ਕੇ ਥੋੜ੍ਹਾ ਜਿਹਾ ਖੋਖਲਾ ਕਰਕੇ ਬੱਚੇ ਉਨ੍ਹਾਂ ਨੂੰ ਜ਼ੋਰ ਨਾਲ ਜ਼ਮੀਨ ਤੇ ਮਾਰਦੇ ਹਨ, ਜਿਸ ਨਾਲ ਛੇਕ ਵਾਲੀ ਰੋਟੀ ਵਾਂਗ ਬਣ ਜਾਂਦੀ ਹੈ। ਇਸ ਨੂੰ ਬੱਚੇ ਆਪਣੀ-ਆਪਣੀ ਤਲੀ ਉੱਪਰ ਧਰ ਕੇ ਉਸ ਅੰਦਰ ਥੁੱਕਦੇ ਹਨ ਅਤੇ ਨਾਲ ਹੀ ਗੀਤ ਵੀ ਗਾਉਂਦੇ ਹਨ। ਮੇਰੇ ਕੋਠੇ ਤੇ ਕੌਣ ਖੰਘੂਰਿਆ, ਏਂਗਣ ਮੇਂਗਣ ਤਲੀ ਤਲੈਂਗਣ, ਪਹਿਲਾ ਰਾਜਾ ਦੂਜਾ ਵਜ਼ੀਰ, ਕਾਲੀਆਂ ਇੱਟਾਂ ਕਾਲੇ ਰੋੜ ਅਤੇ ਮੇਰੇ ਕੋਠੇ ਤੇ ਕੌਣ ਪੀਪੂ, ਆਦਿ ਅਜਿਹੇ ਸੈਂਕੜੇ ਗੀਤ ਹਨ, ਜਿਹੜੇ ਬੱਚਿਆਂ ਲਈ ਸ਼ੁਗਲ ਵੀ ਹਨ ਅਤੇ ਰੁਝੇਵਾਂ ਵੀ। ਭਾਵੇਂ ਇਨ੍ਹਾਂ ਗੀਤਾਂ ਦੀ ਅਵਾਜ਼ ਅਰਥ ਦੇ ਪੱਖ ਤੋਂ ਕੋਈ ਵਿਸ਼ੇਸ਼ ਮਹੱਤਵ ਨਹੀਂ ਰੱਖਦੀ ਜਿਵੇਂ ਕਿ:

'ਅੰਗਲਾ ਪਲੰਗਲਾ ਭਾਈ ਮੇਰਾ ਪੰਗਲਾ ਪ੍ਰੂੰਤੂ ਇਨ੍ਹਾਂ ਵਿਚ ਬਾਲ-ਮਨ ਦੀਆਂ ਭਾਵਨਾਵਾਂ ਆਪਣਾ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਗੀਤਾਂ ਵਿਚਲਾ ਦੁਹਰਾਅ ਹੀ ਖੇਡ ਨੂੰ ਚਲਦੀ ਰੱਖਦਾ ਹੈ। ਗੁੱਡੀਆਂ-ਪਟੋਲੇ ਖੇਡਾਂ ਵਿਚ ਛੋਟੀਆਂ-ਛੋਟੀਆਂ ਕੁੜੀਆਂ/ਸਹੇਲੀਆਂ ਰਲ-ਮਿਲ ਕੇ ਗੁੱਡੀ-ਗੁੱਡੇ ਦਾ ਵਿਆਹ ਕਰਦੀਆਂ ਹਨ। ਵਿਆਹ ਦੌਰਾਨ ਸੁਹਾਗਾਂ ਦੇ ਗੀਤ ਗਾਉਂਦੀਆਂ ਹਨ। ਫਿਰ ਬਾਅਦ ਵਿਚ ਗੁੱਡੇ-ਗੁੱਡੀ ਦੀ ਮੌਤ ਦੌਰਾਨ ਉਨ੍ਹਾਂ ਨੂੰ ਆਪਣੇ-ਆਪਣੇ ਧਰਮ ਦੀਆਂ ਰੀਤਾਂ ਅਨੁਸਾਰ ਮਿੱਟੀ ਵਿਚ ਦਫ਼ਨ ਕਰ ਦਿੱਤਾ ਜਾਂਦਾ ਹੈ, ਜਲਾ ਦਿੱਤਾ ਜਾਂਦਾ ਹੈ ਜਾਂ ਵਗਦੇ ਪਾਣੀ ਵਿਚ ਵਹਾ ਦਿੱਤਾ ਜਾਂਦਾ ਹੈ। ਕੁੜੀਆਂ ਬਜ਼ੁਰਗ ਔਰਤਾਂ ਵਾਂਗ ਹੀ ਵੈਣ ਜਾਂ ਅਲਾਹੁਣੀਆਂ ਪਾਉਂਦੀਆਂ ਹਨ ਪਰ ਮਾਵਾਂ ਬੱਚਿਆਂ ਨੂੰ ਅਜਿਹੀਆਂ ਖੇਡਾਂ ਤੋਂ ਅਕਸਰ ਰੋਕਦੀਆਂ ਹਨ। ਥਾਲ ਕੁੜੀਆਂ ਦਾ ਇਕ ਹੋਰ ਪ੍ਰਤਿਨਿਧ ਖੇਡ-ਗੀਤ ਹੈ, ਜਿਸ ਨੂੰ ਗਾਉਣ ਸਮੇਂ ਥਾਲ ਨੂੰ ਉਛਾਲਿਆ ਜਾਂਦਾ ਹੈ। ਇਸ ਤਰ੍ਹਾਂ ਇਕ ਤੋਂ ਬਾਅਦ ਦੂਜਾ ਫਿਰ ਤੀਜਾ ਕਈ ਥਾਲ ਗਿਣੇ ਜਾਂਦੇ ਹਨ। ਥਾਲਾਂ ਵਿਚ ਆਮ ਤੌਰ 'ਤੇ ਉਨ੍ਹਾਂ ਰਿਸ਼ਤੇਦਾਰਾਂ ਦਾ ਜ਼ਿਕਰ ਹੀ ਹੁੰਦਾ ਹੈ, ਜਿਨ੍ਹਾਂ ਨਾਲ ਬੱਚੀਆਂ ਦਾ ਰੋਜ਼ ਵਾਹ ਪੈਂਦਾ ਹੈ। ਬਾਲ ਮਨ ਜੋ ਕੁਝ ਵੀ ਕਲਪਿਤ ਕਰ ਸਕਦਾ ਹੈ, ਉਨ੍ਹਾਂ ਦਾ ਵਰਣਨ ਸਹਿਜ ਸੁਭਾ ਥਾਲਾਂ ਵਿਚ ਆ ਜਾਂਦਾ ਹੈ। ਬੱਚਿਆਂ ਦੇ ਗੀਤਾਂ ਦਾ ਮਹੱਤਵ ਬਹੁਤਾ ਦਿਲ ਪ੍ਰਚਾਵੇ ਤਕ ਹੀ ਸੀਮਿਤ ਹੈ। ਇਹ ਗੀਤ ਬਾਲ ਮਨੋਅਵਸਥਾ ਦੀ ਉਪਜ ਹਨ। ਇਨ੍ਹਾਂ ਗੀਤਾਂ ਵਿਚ ਬਾਲਾਂ ਦੀਆਂ ਸੱਧਰਾਂ ਪ੍ਰਧਾਨ ਹਨ। ਇਨ੍ਹਾਂ ਗੀਤਾਂ ਵਿਚ ਜਜ਼ਬਾਤਾਂ ਦੇ ਪ੍ਰਗਟਾ ਨਾਲ ਸਰੀਰਕ ਕ੍ਰਿਆਤਮਕਤਾ ਵੀ ਗੀਤ ਨਾਲ ਜੁੜ ਜਾਂਦੀ ਹੈ। ਇਹ ਬਾਲ ਗੀਤ ਬੱਚਿਆਂ ਦੇ ਮਨ-ਪ੍ਰਚਾਵੇ ਦਾ ਸਾਧਨ ਹਨ। ਇਸ ਤਰ੍ਹਾਂ ਇਹ ਗੀਤ ਬਾਲ ਮਨ ਨੂੰ ਸੁਹਜ ਆਨੰਦ ਪ੍ਰਦਾਨ ਕਰਦੇ ਹੋਏ ਮਨੋਰੰਜਨ ਦਾ ਸਾਧਨ ਬਣਦੇ ਹਨ। ਖੇਡਦੇ ਸਮੇਂ ਬੱਚੇ ਜਦੋਂ ਨਾਲ-ਨਾਲ ਗੀਤ ਉਚਾਰਦੇ ਹਨ ਤਾਂ ਮਹੌਲ ਨੂੰ ਹੋਰ ਵੀ ਰਸੀਲਾ ਬਣਾ ਦਿੰਦੇ ਹਨ। ਇਨ੍ਹਾਂ ਗੀਤਾਂ ਰਾਹੀਂ ਬਾਲਕ ਆਪਣੀ ਸੋਝੀ ਨੂੰ ਹੋਰ ਵਿਸ਼ਾਲ ਕਰਦਾ ਹੈ। ਇਹ ਗੀਤ ਬੱਚਿਆਂ ਦੇ ਮਾਨਸਿਕ ਵਿਕਾਸ ਦਾ ਅਧਾਰ ਹਨ ਤੇ ਉਹਨਾਂ ਵਿਚ ਆਪਸੀ ਸਾਂਝ, ਮੁਹੱਬਤ, ਸਹਿਣਸ਼ੀਲਤਾ ਅਤੇ ਜੀਵਨ-ਜਾਂਚ ਪ੍ਰਦਾਨ ਕਰਨ ਵਾਲੀ ਵਿਚਾਰਧਾਰਾ ਦਾ ਪਾਸਾਰ ਕਰਦੇ ਹਨ। ਬਾਲ ਗੀਤਾਂ ਵਿਚ ਜੀਵਨ ਦੀਆਂ ਮੁਸ਼ਕਿਲਾਂ ਨਾ ਸੁਲਝਣ ਤੇ ਦਿਸ਼ਾ ਪ੍ਰਦਾਨ ਕਰਨ ਦੀ ਸਮਰੱਥਾ ਹੁੰਦੀ ਹੈ।

ਬਾਲ-ਕਾਲ ਦੇ ਪੰਜਾਬੀ ਲੋਕਗੀਤ ਪੰਜਾਬੀ ਸਾਹਿਤ ਦਾ ਉਹ ਰੂਪ ਹਨ, ਜਿਨ੍ਹਾਂ ਦਾ ਕੋਈ ਵਿਸ਼ੇਸ਼ ਰਚੇਤਾ ਨਹੀਂ ਹੁੰਦਾ। ਇਹ ਗੀਤ ਮੂੰਹੋਂ-ਮੂੰਹੀਂ ਹੁੰਦੇ ਲੋਕਾਂ ਦੀ ਸੂਝ ਮੁਤਾਬਕ ਬਦਲਦੇ ਰਹਿੰਦੇ ਹਨ । ਇਸ ਕਰਕੇ ਕਿਹਾ ਜਾਂਦਾ ਹੈ ਕਿ ਲੋਕਗੀਤ ਸਮਾਜ-ਸਭਿਆਚਾਰ ਦੀ ਹੂ-ਬ-ਹੂ ਤਸਵੀਰ ਪੇਸ਼ ਕਰਦੇ ਹਨ। ਲੋਕਗੀਤ ਕਿਸੇ ਦੇਸ਼ ਦੇ ਸਭਿਆਚਾਰ ਦਾ ਦਰਪਣ ਹੁੰਦੇ ਹਨ। ਬਾਲ-ਕਾਲ ਦੇ ਪੰਜਾਬੀ ਲੋਕਗੀਤਾਂ ਵਿਚ ਬੱਚੇ ਦੇ ਜਨਮ ਤੋਂ ਲੈ ਕੇ 12 ਸਾਲ ਤੱਕ ਪੰਜਾਬੀ ਬਾਲ ਜੀਵਨ ਦੀ ਕੋਈ ਅਜਿਹੀ ਝਾਕੀ ਨਹੀਂ ਜਿਸ ਦਾ ਵਰਣਨ ਪੰਜਾਬੀ ਬਾਲ ਲੋਕਗੀਤਾਂ ਵਿਚ ਨਾ ਕੀਤਾ ਗਿਆ ਹੋਵੇ। ਇਹ ਤੱਥ ਸਰਬ ਪ੍ਰਵਾਨਿਤ ਹੈ ਕਿ ਬੱਚਾ ਜਨਮ ਸਮੇਂ ਤੋਂ ਹੀ ਪੰਜਾਬੀ ਲੋਰੀਆਂ ਵਿਚ ਜੰਮਦਾ ਹੈ, ਬਾਲ ਖੇਡਾਂ ਵਿਚ ਵੱਧਦਾ ਫੁਲਦਾ ਹੈ। ਬਾਲ-ਕਾਲ ਦੇ ਪੰਜਾਬੀ ਲੋਕਗੀਤ ਪੰਜਾਬੀ ਸਭਿਆਚਾਰ ਦੀਆਂ ਸਮਾਜਿਕ ਅਤੇ ਸਦਾਚਾਰਕ ਕਦਰਾਂ-ਕੀਮਤਾਂ ਅਤੇ ਰਵਾਇਤਾਂ ਦਾ ਅਟੁੱਟ ਭੰਡਾਰ ਹਨ। ਬਾਲ-ਕਾਲ ਦੇ ਪੰਜਾਬੀ ਲੋਕਗੀਤਾਂ ਵਿਚ ਅਟੱਲ ਸੱਚਾਈ ਦੀ ਡੂੰਘਾਈ ਵਿਚ ਪੇਸ਼ਕਸ਼ ਹੁੰਦੀ ਹੈ, ਇਨ੍ਹਾਂ ਦੀ ਸਿਰਜਣਾ ਸਮੇਂ ਸਮਕਾਲੀ ਸਮਾਜਿਕ ਯਥਾਰਥ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਪੰਜਾਬੀ ਲੋਕਗੀਤਾਂ ਵਿਚ ਪੰਜਾਬੀ ਬਾਲ ਜੀਵਨ ਨਾਲ ਸਬੰਧਿਤ ਹਰੇਕ ਰਸਮ-ਰਿਵਾਜ ਬਾਰੇ ਸੰਕੇਤ ਮਿਲਦੇ ਹਨ। ਇਨ੍ਹਾਂ ਬਾਲ ਗੀਤਾਂ ਰਾਹੀਂ ਬੱਚਿਆਂ ਵਿਚ ਨੂੰ ਸਮਾਜਿਕ ਰਿਸ਼ਤਿਆਂ ਬਾਰੇ ਪ੍ਰਤੀ ਚੇਤਨਾ ਵੀ ਕਰਵਾਈ ਜਾਂਦੀ ਹੈ। ਬਾਲ ਦੇ ਜਨਮ ਸਮੇਂ ਘਰ ਵਿਚ ਲੋਕਗੀਤਾਂ ਰਾਹੀਂ ਬੱਚਿਆਂ ਨੂੰ ਦੇਸੀ ਘਿਓ ਦੇ ਦੀਵੇ ਜਗਾਏ ਜਾਂਦੇ ਹਨ। ਉਸ ਦੇ ਜਨਮ ਤੇ ਨਜ਼ੂਮੀਆਂ ਕੋਲੋਂ ਜਨਮ ਪੱਤਰੀਆਂ ਬਣਵਾਈਆਂ ਜਾਂਦੀਆਂ ਹਨ ਅਜੋਕੀ ਸਮਾਜਿਕ ਬਣਤਰ ਅਨੁਸਾਰ ਬੱਚੇ ਦਾ ਮੰਗਲ-ਸੁਆਗਤ ਕੀਤਾ ਜਾਂਦਾ ਹੈ । ਇਹ ਕਥਨ ਪ੍ਰਚਲਿਤ ਹੈ ਕਿ ਪੁੱਤਰ ਦੇ ਜਨਮ ਨਾਲ ਮਾਪੇ ਪਿੱਤਰੀ-ਰਿਣ ਤੋਂ ਮੁਕਤ ਹੋ ਜਾਂਦੇ ਹਨ। ਪੁਰਾਤਨ ਸਮੇਂ ਵਿਚ ਘਰ ਵਿਚ ਜ਼ਿਆਦਾ ਜੀਆਂ ਦੀ ਜ਼ਰੂਰਤ ਸਮਝੀ ਜਾਂਦੀ ਸੀ ਪਰ ਅਜੋਕੇ ਯੁੱਗ ਵਿਚ ਨਵੀਂ ਸਮਾਜਿਕ ਰਿਸ਼ਤਿਆਂ ਦੀ ਚੇਤਨਾ ਅਨੁਸਾਰ ਇਕ ਦੋ ਬੱਚਿਆਂ ਨਾਲ ਪੂਰਾ ਪਰਿਵਾਰ ਸਮਝਿਆ ਜਾਂਦਾ ਹੈ। ਬੱਚਾ ਵੱਡਾ ਹੋ ਕੇ ਜੀਵਨ-ਖੇਡ ਵਿਚ ਮਸਤ ਹੋ ਜਾਂਦਾ ਹੈ । ਉਹ ਜਿਸ ਖੇਤਰ ਵਿਚ ਵੀ ਆਪਣੀ ਦਿਲਚਸਪੀ ਰੱਖਦਾ ਹੈ, ਉਥੇ ਵੀ ਲੋਕਗੀਤ ਉਸ ਦੇ ਆਲੇ-ਦੁਆਲੇ ਰਹਿੰਦੇ ਹਨ। ਬੱਚਿਆਂ ਦੇ ਜਨਮ ਸਮੇਂ ਤੋਂ ਲੈ ਕੇ ਬਾਰਾਂ ਸਾਲ ਤੱਕ ਦੇ ਪੰਜਾਬੀ ਲੋਕ-ਗੀਤਾਂ ਦੇ ਸਭਿਆਚਾਰਕ ਅਧਿਐਨ ਨਾਲ ਸਬੰਧਿਤ ਵੰਨਗੀ ਪੇਸ਼ ਹੈ:

*ਬੱਚੇ ਦੇ ਜਨਮ ਨਾਲ ਸਬੰਧਿਤ ਪੰਜਾਬੀ ਲੋਕਗੀਤ*

*"ਹਰਿਆ ਨੀ ਮਾਏ, ਹਰਿਆ ਨੀ ਭੈਣੇਂ*
*ਹਰਿਆ ਤੇ ਭਾਗੀਂ ਭਰਿਆ*
*ਜਿਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ*
*ਸੋਈਓ ਦਿਹਾੜਾ ਭਾਗੀਂ ਭਰਿਆ।"* [3]

ਇਹਨਾਂ ਸਤਰਾਂ ਵਿੱਚ "ਹਰਿਆ ਨੀ ਮਾਏ, ਹਰਿਆ ਨੀ ਭੈਣੇ"ਹਰਿਆ' ਸ਼ਬਦ ਇੱਥੇ ਹਰਿਆਵਲ, ਖੁਸ਼ਹਾਲੀ ਅਤੇ ਵੰਸ਼ ਦੀ ਵਾਧੇ ਦਾ ਪ੍ਰਤੀਕ ਹੈ।ਹਰਿਆ ਇਹ ਸ਼ਬਦ ਸਿਰਫ਼ ਰੰਗ (ਹਰਾ) ਨਹੀਂ ਸਗੋਂ ਜੀਵਨ ਦੀ ਉਤਪੱਤੀ, ਹਰਿਆਵਲ ਅਤੇ ਖੁਸ਼ਹਾਲੀ ਦਾ ਸੂਚਕ ਹੈ। ਭਾਗੀਂ ਭਰਿਆ ਇਸ ਦਾ ਭਾਵ ਹੈ 'ਕਿਸਮਤ ਵਾਲਾ' ਜਾਂ 'ਭਾਗਾਂ ਵਾਲਾ'। ਇਹ ਦਰਸਾਉਂਦਾ ਹੈ ਕਿ ਬੱਚੇ ਦਾ ਜਨਮ ਪਰਿਵਾਰ ਲਈ ਭਾਗਾਂ ਭਰਿਆ ਹੁੰਦਾ ਹੈ।ਜਿਤ ਦਿਹਾੜੇ... ਸੋਈਓ ਦਿਹਾੜਾ ਇਹ ਸਤਰਾਂ ਜਨਮ ਦੇ ਉਸ ਸ਼ੁਭ ਦਿਨ ਨੂੰ ਮਹਾਨਤਾ ਦਿੰਦੀਆਂ ਹਨ ਜਿਸ ਦਿਨ "ਹਰਿਆ" (ਪੁੱਤਰ) ਨੇ ਜਨਮ

ਲਿਆ। ਇਹ ਪੰਜਾਬੀ ਮਾਨਸਿਕਤਾ ਵਿੱਚ ਪੁੱਤਰ ਦੇ ਜਨਮ ਨਾਲ ਜੁੜੀ ਖੁਸ਼ੀ ਨੂੰ ਪ੍ਰਗਟਾਉਂਦੀਆਂ ਹਨ।ਇਸ ਵਿੱਚ 'ਮਾਂ' ਅਤੇ 'ਭੈਣ' ਨੂੰ ਸੰਬੋਧਨ ਕੀਤਾ ਗਿਆ ਹੈ ਜੋ ਪੰਜਾਬੀ ਪਰਿਵਾਰਕ ਢਾਂਚੇ ਵਿੱਚ ਔਰਤਾਂ ਦੀ ਕੇਂਦਰੀ ਭੂਮਿਕਾ ਅਤੇ ਉਹਨਾਂ ਦੇ ਆਪਸੀ ਪਿਆਰ ਨੂੰ ਦਰਸਾਉਂਦਾ ਹੈ। ਪ੍ਰਤੀਕਾਤਮਕਤਾ 'ਹਰਿਆ' ਸ਼ਬਦ ਵੰਸ਼ ਦੀ ਵੇਲ ਦੇ ਵਧਣ-ਫੁੱਲਣ ਦਾ ਪ੍ਰਤੀਕ ਹੈ। ਇਹ ਕੁਦਰਤ ਅਤੇ ਮਨੁੱਖੀ ਜੀਵਨ ਦੇ ਅਟੁੱਟ ਰਿਸ਼ਤੇ ਨੂੰ ਪੇਸ਼ ਕਰਦਾ ਹੈ। ਇਹ ਸਤਰਾਂ ਪੰਜਾਬੀ ਮਰਦ-ਪ੍ਰਧਾਨ ਸਮਾਜ ਵਿੱਚ ਪੁੱਤਰ ਦੀ ਆਮਦ ਨੂੰ ਇੱਕ ਬ੍ਰਹਿਮੰਡੀ ਖੁਸ਼ੀ ਵਜੋਂ ਚਿਤਰਦੀਆਂ ਹਨ। ਇਹ ਗੀਤ ਸਿਰਫ਼ ਮਨੋਰੰਜਨ ਨਹੀਂ ਸਗੋਂ ਸਾਡੀ ਮੌਖਿਕ ਪਰੰਪਰਾ ਦਾ ਉਹ ਅਨਮੋਲ ਹਿੱਸਾ ਹਨ ਜੋ ਪੀੜ੍ਹੀ-ਦਰ-ਪੀੜ੍ਹੀ ਸਾਡੇ ਸੰਸਕਾਰਾਂ ਅਤੇ ਰੀਤੀ-ਰਿਵਾਜਾਂ ਨੂੰ ਜਿਉਂਦਾ ਰੱਖਦੇ ਹਨ 'ਹਰਿਆ' ਸ਼ਬਦ ਇੱਥੇ ਮਹਿਜ਼ ਇੱਕ ਵਿਸ਼ੇਸ਼ਣ ਨਹੀਂ ਸਗੋਂ ਜੀਵਨ ਦੀ ਨਿਰੰਤਰਤਾ, ਖੁਸ਼ਹਾਲੀ ਅਤੇ ਵੰਸ਼ ਦੀ ਵਾਧੇ ਦਾ ਇੱਕ ਸ਼ਕਤੀਸ਼ਾਲੀ ਸੱਭਿਆਚਾਰਕ ਪ੍ਰਤੀਕ ਹੈ। ਸ਼ਬਦ 'ਭਾਗੀਂ ਭਰਿਆ' ਉਸ ਸਮਾਜਿਕ ਮਾਨਸਿਕਤਾ ਦੀ ਤਰਜਮਾਨੀ ਕਰਦਾ ਹੈ ਜਿੱਥੇ ਔਲਾਦ ਦੀ ਆਮਦ ਨੂੰ ਬ੍ਰਹਿਮੰਡੀ ਬਰਕਤ ਵਜੋਂ ਸਵੀਕਾਰਿਆ ਜਾਂਦਾ ਹੈ। ਇਹ ਸਤਰਾਂ ਉਸ ਵਿਸ਼ੇਸ਼ ਦਿਨ ਨੂੰ ਪਵਿੱਤਰ ਅਤੇ ਮਹੱਤਵਪੂਰਨ ਬਣਾ ਦਿੰਦੀਆਂ ਹਨ ਜਿਸ ਦਿਨ ਬੱਚੇ ਦਾ ਜਨਮ ਹੁੰਦਾ ਹੈ, ਜੋ ਕਿ ਪੰਜਾਬੀ ਲੋਕ-ਮਨ ਦੀ ਸੁਹਜਾਤਮਕ ਪਹੁੰਚ ਅਤੇ ਪਰਿਵਾਰਕ ਮੋਹ ਦਾ ਪ੍ਰਗਟਾਵਾ ਹੈ।

*ਲੋਰੀਆਂ ਨਾਲ ਸਬੰਧਿਤ ਪੰਜਾਬੀ ਲੋਕਗੀਤ*

*"ਹੂੰ ਵੀ ਮੱਲਾ ਹੂੰ ਵੇ*
*ਤੇਰੀ ਬੋਦੀ 'ਚ ਪੈਗੀ ਜੂੰ ਵੇ*
*ਇਕ ਮੈਂ ਕੱਢਾਂ ਇਕ ਤੂੰ ਵੇ*
*ਕੱਢਣ ਵਾਲਾ ਕੀ ਕਰੇ*
*ਕੁਪੱਤਾ ਵੀਰਾ ਤੂੰ ਵੇ"* [4]

ਇਹ ਲੋਕ-ਕਾਵਿ ਪੰਜਾਬੀ ਸੱਭਿਆਚਾਰ ਵਿੱਚ ਭੈਣ-ਭਰਾ ਦੇ ਖੱਟੇ-ਮਿੱਠੇ ਰਿਸ਼ਤੇ ਨੂੰ ਦਰਸਾਉਂਦਾ ਹੈ। ਇੱਥੇ ਭੈਣ ਆਪਣੇ ਭਰਾ ਨਾਲ ਮਖੌਲ ਕਰ ਰਹੀ ਹੈ। ਪੰਜਾਬੀ ਲੋਕ-ਮਾਨਸ ਵਿੱਚ ਭੈਣ-ਭਰਾ ਦਾ ਰਿਸ਼ਤਾ ਕੇਵਲ ਮੋਹ ਤੱਕ ਸੀਮਤ ਨਹੀਂ ਸਗੋਂ ਇਸ ਵਿੱਚ ਨੋਕ-ਝੋਕ ਅਤੇ ਹਾਸਾ-ਠੱਠਾ ਵੀ ਸ਼ਾਮਲ ਹੈ। ਸ਼ਬਦ 'ਬੋਦੀ' (ਸਿਰ ਦੇ ਕੇਸਾਂ ਦਾ ਗੁੱਛਾ) ਪੁਰਾਤਨ ਪੰਜਾਬੀ ਰਹਿਤਲ ਵੱਲ ਇਸ਼ਾਰਾ ਕਰਦਾ ਹੈ। ਪੁਰਾਣੇ ਸਮੇਂ ਵਿੱਚ ਮਰਦ ਵੀ ਲੰਬੇ ਕੇਸ ਰੱਖਦੇ ਸਨ ਜਾਂ ਸਿਰ ਦੇ ਵਿਚਕਾਰ ਬੋਦੀ ਰੱਖਣ ਦਾ ਰਿਵਾਜ ਸੀ। ਇਹ ਸਰੀਰਕ ਦਿੱਖ ਦੇ ਸੱਭਿਆਚਾਰਕ ਪੱਖ ਨੂੰ ਉਜਾਗਰ ਕਰਦਾ ਹੈ। 'ਜੂੰ' ਕੱਢਣ ਦਾ ਜ਼ਿਕਰ ਉਸ ਸਮੇਂ ਦੀ ਜੀਵਨ-ਸ਼ੈਲੀ ਨੂੰ ਦਰਸਾਉਂਦਾ ਹੈ ਜਿੱਥੇ ਪਰਿਵਾਰਕ ਮੈਂਬਰ ਇੱਕ-ਦੂਜੇ ਦੇ ਕੇਸ ਵਾਹੁੰਦੇ ਸਨ ਜਾਂ ਸਫ਼ਾਈ ਵਿੱਚ ਮਦਦ ਕਰਦੇ ਸਨ। ਇਹ ਇੱਕ ਤਰ੍ਹਾਂ ਦੀ ਸਮਾਜਿਕ ਸਾਂਝ ਦਾ ਹਿੱਸਾ ਸੀ। ਸੰਬੋਧਨੀ ਸ਼ੈਲੀ: "ਹੂੰ ਵੀ ਮੱਲਾ ਹੂੰ ਵੇ" ਵਿੱਚ 'ਮੱਲਾ' ਅਤੇ 'ਵੇ' ਸ਼ਬਦ ਸੰਬੋਧਨ ਲਈ ਵਰਤੇ ਗਏ ਹਨ। 'ਮੱਲਾ' ਸ਼ਬਦ ਅਕਸਰ ਲਾਡ ਜਾਂ ਮਖੌਲ ਵਜੋਂ ਮਰਦ ਲਈ ਵਰਤਿਆ ਜਾਂਦਾ ਹੈ।

*ਬਾਲ-ਖੇਡਾਂ ਨਾਲ ਸਬੰਧਿਤ ਪੰਜਾਬੀ ਲੋਕਗੀਤ*

*"ਈਂਗਣ ਮੀਂਗਣ ਤਲੀ ਤਲੀਂਗਣ*
*ਗੁੜ ਖਾਮਾਂ, ਵੇਲ ਵਧਾਮਾਂ, ਮੂਲੀ ਪੱਤਰਾ*
*ਪੱਤਰਾਂ ਵਾਲੇ ਘੋੜੇ ਆਏ*
*ਹੱਥ ਕੁਤਾੜੀ, ਪੈਰ ਕੁਤਾੜੀ*
*ਨਿੱਕਲ ਬਾਲਿਆ ਤੇਰੀ ਬਾਰੀ"* [5]

"ਈਂਗਣ ਮੀਂਗਣ ਤਲੀ ਤਲੀਂਗਣ..." ਪ੍ਰਸਿੱਧ ਬਾਲ-ਖੇਡ ਗੀਤ ਹੈ। ਇਹ ਗੀਤ ਬੱਚਿਆਂ ਵਿੱਚ ਸਮੂਹਿਕ ਭਾਵਨਾ, ਤਾਲਬੱਧਤਾ ਅਤੇ ਸਰੀਰਕ ਚੇਤਨਾ ਪੈਦਾ ਕਰਨ ਦਾ ਸਾਧਨ ਬਣਦੇ ਹਨ। "ਗੁੜ ਖਾਵਾਂ, ਵੇਲ ਵਧਾਵਾਂ" ਵਰਗੀਆਂ ਸਤਰਾਂ ਪੁਰਾਤਨ ਪੰਜਾਬੀ ਖ਼ੁਰਾਕ ਅਤੇ ਖੇਤੀਬਾੜੀ ਸੱਭਿਆਚਾਰ (ਜਿਵੇਂ ਮੂਲੀ, ਪੱਤਰੇ) ਵੱਲ ਇਸ਼ਾਰਾ ਕਰਦੀਆਂ ਹਨ। ਇਹ ਗੀਤ ਬਿਨਾਂ ਕਿਸੇ ਲਿਖਤੀ ਰੂਪ ਦੇ ਪੀੜ੍ਹੀ-ਦਰ-ਪੀੜ੍ਹੀ ਜ਼ਬਾਨੀ ਰੂਪ ਵਿੱਚ ਸਫ਼ਰ ਕਰਦੇ ਆ ਰਹੇ ਹਨ। ਇਹਨਾਂ ਲੋਕ-ਗੀਤਾਂ ਦਾ ਅਧਿਐਨ ਸਿੱਧ ਕਰਦਾ ਹੈ ਕਿ ਪੰਜਾਬੀ ਸੱਭਿਆਚਾਰ ਵਿੱਚ ਖੇਡਾਂ, ਰਿਸ਼ਤੇ ਅਤੇ ਰੀਤੀ-ਰਿਵਾਜ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਨ, ਸਗੋਂ ਇਹ ਬੱਚਿਆਂ ਅਤੇ ਵਡਿੱਕਿਆਂ ਨੂੰ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜਨ ਦੀ ਇੱਕ ਮਜ਼ਬੂਤ ਕੜੀ ਵਜੋਂ ਕਾਰਜ ਕਰਦੇ ਸਨ।ਇਹ ਸਤਰਾਂ 'ਲੋਕ-ਖੇਡ ਗੀਤ' ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਸੱਭਿਆਚਾਰਕ ਨਜ਼ਰੀਏ ਤੋਂ, ਅਜਿਹੇ ਗੀਤ ਬੱਚਿਆਂ ਵਿੱਚ ਲੈਅ, ਉਚਾਰਨ ਅਤੇ ਸਮੂਹਿਕ ਸਾਂਝ ਪੈਦਾ ਕਰਨ ਦਾ ਮੁੱਢਲਾ ਜ਼ਰੀਆ ਹੁੰਦੇ ਹਨ। ਇਹ ਗੀਤ ਕਿਸੇ ਲੇਖਕ ਦੀ ਰਚਨਾ ਨਹੀਂ ਸਗੋਂ ਪੀੜ੍ਹੀ-ਦਰ-ਪੀੜ੍ਹੀ ਜ਼ਬਾਨੀ ਰੂਪ ਵਿੱਚ ਸਫ਼ਰ ਕਰਦੇ ਹੋਏ ਅੱਜ ਤੱਕ ਪਹੁੰਚੇ ਹਨ। ਇਸ ਖੇਡ ਗੀਤ ਦਾ ਮੁੱਖ ਮਕਸਦ 'ਵਾਰੀ' ਦੀ ਚੋਣ ਕਰਨਾ ਹੈ। "ਨਿੱਕਲ ਬਾਲਿਆ ਤੇਰੀ ਵਾਰੀ" ਸਤਰ ਇਹ ਦਰਸਾਉਂਦੀ ਹੈ ਕਿ ਕਿਵੇਂ ਖੇਡ ਰਾਹੀਂ ਬੱਚੇ ਨਿਰਪੱਖਤਾ ਅਤੇ ਨਿਯਮਾਂ ਦੀ ਪਾਲਣਾ ਕਰਨਾ ਸਿੱਖਦੇ ਹਨ। ਇਹ ਲੋਕ-ਤੰਤਰਿਕ ਕਦਰਾਂ-ਕੀਮਤਾਂ ਦਾ ਮੁੱਢਲਾ ਰੂਪ ਹੈ।'ਈਂਗਣ ਮੀਂਗਣ ਤਲੀ ਤਲੀਂਗਣ' ਵਰਗੇ ਸ਼ਬਦਾਂ ਦਾ ਕੋਈ ਖ਼ਾਸ ਕੋਸ਼ਗਤ ਅਰਥ ਨਹੀਂ ਹੁੰਦਾ ਪਰ ਇਹ ਧੁਨੀ-ਵਿਗਿਆਨ ਪੱਖੋਂ ਬੱਚਿਆਂ ਨੂੰ ਆਕਰਸ਼ਿਤ ਕਰਦੇ ਹਨ। ਸੱਭਿਆਚਾਰਕ ਖੋਜ ਅਨੁਸਾਰ, ਅਜਿਹੇ ਨਿਰਾਰਥਕ ਲੱਗਣ ਵਾਲੇ ਸ਼ਬਦ ਬੱਚਿਆਂ ਦੀ ਕਲਪਨਾ ਸ਼ਕਤੀ ਨੂੰ ਵਧਾਉਣ ਅਤੇ ਖੇਡ ਵਿੱਚ ਦਿਲਚਸਪੀ ਪੈਦਾ ਕਰਨ ਲਈ ਵਰਤੇ ਜਾਂਦੇ ਹਨ। ਇਹ ਗੀਤ ਕੇਵਲ ਮਨੋਰੰਜਨ ਨਹੀਂ ਸਗੋਂ ਪੰਜਾਬੀ ਬਾਲ-ਸੰਸਾਰ ਦਾ ਇੱਕ ਅਹਿਮ ਸੱਭਿਆਚਾਰਕ ਦਸਤਾਵੇਜ਼ ਹੈ। ਇਹ ਬੱਚਿਆਂ ਦੇ ਸਰੀਰਕ ਹਾਵ-ਭਾਵ (ਹੱਥ ਕੁਰਾੜੀ, ਪੈਰ ਕੁਰਾੜੀ) ਅਤੇ ਮਾਨਸਿਕ ਵਿਕਾਸ ਵਿੱਚ ਸਹਾਈ ਹੁੰਦਾ ਹੈ। ਅਜੋਕੇ ਡਿਜੀਟਲ ਯੁੱਗ ਵਿੱਚ, ਅਜਿਹੇ ਲੋਕ-ਗੀਤ ਸਾਡੀ ਮੌਖਿਕ ਪਰੰਪਰਾ ਦੇ ਅਮੀਰ ਵਿਰਸੇ ਨੂੰ ਸੰਭਾਲੀ ਬੈਠੇ ਹਨ।

*ਥਾਲ ਤੇ ਕਿੱਕਲੀ ਨਾਲ ਸਬੰਧਿਤ ਪੰਜਾਬੀ ਲੋਕਗੀਤ*

*"ਅੰਬੇ ਨੀ ਮਾਏ ਅੰਬੇ*
*ਮੇਰੇ ਸਤ ਭਰਾ ਮੰਗੇ*
*ਮੇਰਾ ਇਕ ਭਰਾ ਕੁਆਰਾ*
*ਉਹ ਚੌਪਟ ਖੇਡਣ ਵਾਲਾ*
*ਚੌਪਟ ਕਿੱਥੇ ਖੇਲੇ*
*ਲਾਹੌਰ ਸ਼ਹਿਰ ਖੇਲੇ*

*ਲਾਹੌਰ ਸ਼ਹਿਰ ਉੱਚਾ*
*ਮੈਂ ਮਨ ਪਕਾਇਆ ਸੁੱਚਾ*
*ਮੇਰੇ ਮਨ ਨੂੰ ਲੱਗੇ ਮੋਤੀ*
*ਮੈਂ ਗਲੀਆਂ ਵਿਚ ਖਲੋਤੀ*
*ਬੜੇ ਬਾਬੇ ਦੀ ਪੋਤੀ"*[6]

ਪਿੱਤਰ-ਸੱਤਾ ਪਰਿਵਾਰਕ ਢਾਂਚਾ ਇਸ ਗੀਤ ਵਿੱਚ 'ਸੱਤ ਭਰਾਵਾਂ' ਦਾ ਜ਼ਿਕਰ ਪੰਜਾਬੀ ਸੱਭਿਆਚਾਰ ਵਿੱਚ ਪੁੱਤਰਾਂ ਦੀ ਮਹੱਤਤਾ ਅਤੇ ਵੱਡੇ ਪਰਿਵਾਰ ਦੀ ਤਾਕਤ ਨੂੰ ਦਰਸਾਉਂਦਾ ਹੈ। ਭਰਾਵਾਂ ਦਾ ਹੋਣਾ ਧੀ ਲਈ ਸਮਾਜਿਕ ਸੁਰੱਖਿਆ ਅਤੇ ਮਾਣ ਦਾ ਪ੍ਰਤੀਕ ਮੰਨਿਆ ਜਾਂਦਾ ਰਿਹਾ ਹੈ। 'ਚੌਪਟ' ਖੇਡਣ ਦਾ ਜ਼ਿਕਰ ਇਹ ਦਰਸਾਉਂਦਾ ਹੈ ਕਿ ਇਹ ਗੀਤ ਸਿਰਫ਼ ਸ਼ਬਦਾਂ ਦਾ ਸਮੂਹ ਨਹੀਂ ਸਗੋਂ ਉਸ ਸਮੇਂ ਦੇ ਮਨੋਰੰਜਨ ਦੇ ਸਾਧਨਾਂ ਦੀ ਗਵਾਹੀ ਵੀ ਹੈ। ਚੌਪਟ ਰਵਾਇਤੀ ਪੰਜਾਬੀ ਸਮਾਜ ਦੀ ਇੱਕ ਹਰਮਨ-ਪਿਆਰੀ ਖੇਡ ਰਹੀ ਹੈ, ਜੋ ਬੌਧਿਕ ਕੁਸ਼ਲਤਾ ਅਤੇ ਵਿਹਲੇ ਸਮੇਂ ਦੇ ਪ੍ਰਬੰਧਨ ਨੂੰ ਪੇਸ਼ ਕਰਦੀ ਹੈ।'ਲਾਹੌਰ ਸ਼ਹਿਰ' ਦਾ ਨਾਮ ਆਉਣਾ ਇਸ ਗੀਤ ਦੀ ਪੁਰਾਤਨਤਾ ਅਤੇ ਸਾਂਝੇ ਪੰਜਾਬ ਦੇ ਸੱਭਿਆਚਾਰਕ ਕੇਂਦਰ ਵੱਲ ਇਸ਼ਾਰਾ ਕਰਦਾ ਹੈ। ਲੋਕ-ਮਾਨਸ ਵਿੱਚ ਲਾਹੌਰ ਇੱਕ 'ਉੱਚਾ' ਅਤੇ ਪ੍ਰਭਾਵਸ਼ਾਲੀ ਸ਼ਹਿਰ ਰਿਹਾ ਹੈ ਜਿਸ ਦਾ ਜ਼ਿਕਰ ਲੋਕ-ਗੀਤਾਂ ਵਿੱਚ ਅਕਸਰ ਸ਼ਾਨੋ-ਸ਼ੌਕਤ ਦੇ ਪ੍ਰਤੀਕ ਵਜੋਂ ਆਉਂਦਾ ਹੈ। ਮਨ ਪਕਾਇਆ ਸੁੱਚਾ' ਅਤੇ 'ਮਨ ਨੂੰ ਲੱਗੇ ਮੋਤੀ' ਵਰਗੀਆਂ ਸਤਰਾਂ ਪੰਜਾਬੀ ਸਮਾਜ ਵਿੱਚ ਕੁੜੀਆਂ ਦੀ ਨੈਤਿਕ ਉੱਚਤਾ, ਸੁੱਚਮਤਾ ਅਤੇ ਮਾਨਸਿਕ ਪਵਿੱਤਰਤਾ ਦੇ ਸੰਕਲਪ ਨੂੰ ਉਘਾੜਦੀਆਂ ਹਨ। ਇਹ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਅੰਤਰੀਵੀਕਰਨ ਨੂੰ ਪੇਸ਼ ਕਰਦਾ ਹੈ। 'ਬੜੇ ਬਾਬੇ ਦੀ ਪੋਤੀ' ਕਹਿਣਾ ਕੁੜੀ ਦੀ ਆਪਣੀ ਪਛਾਣ ਨੂੰ ਆਪਣੇ ਖਾਨਦਾਨ ਅਤੇ ਵੰਸ਼ ਨਾਲ ਜੋੜ ਕੇ ਦੇਖਣ ਦੀ ਪ੍ਰਵਿਰਤੀ ਹੈ। ਇਹ ਪੰਜਾਬੀ ਸਮਾਜ ਵਿੱਚ 'ਕੁੱਲ' ਜਾਂ 'ਖਾਨਦਾਨ' ਦੀ ਇੱਜ਼ਤ ਦੇ ਸੰਕਲਪ ਨੂੰ ਮਜ਼ਬੂਤ ਕਰਦਾ ਹੈ ਇਹ ਪਹਿਰਾ ਨਾਰੀ-ਦ੍ਰਿਸ਼ਟੀਕੋਣ ਤੋਂ ਇੱਕ ਅਜਿਹੇ ਸੱਭਿਆਚਾਰਕ ਨਿਜ਼ਾਮ ਦੀ ਪੇਸ਼ਕਾਰੀ ਕਰਦਾ ਹੈ ਜਿੱਥੇ ਰਿਸ਼ਤਾ-ਨਾਤਾ ਪ੍ਰਣਾਲੀ, ਖੇਡਾਂ, ਸ਼ਹਿਰੀ ਪ੍ਰਭਾਵ ਅਤੇ ਪਰਿਵਾਰਕ ਮਾਣ-ਮਰਿਆਦਾ ਇੱਕ-ਦੂਜੇ ਵਿੱਚ ਪਰੋਏ ਹੋਏ ਹਨ। ਇਹ ਗੀਤ ਬਾਲੜੀ ਦੇ ਮਨੋਭਾਵਾਂ ਅਤੇ ਉਸ ਦੇ ਸਮਾਜਿਕ ਦਾਇਰੇ ਦੀ ਇੱਕ ਖ਼ੂਬਸੂਰਤ ਦਸਤਾਵੇਜ਼ੀ ਪੇਸ਼ਕਾਰੀ ਹੈ।

ਕਿਸ਼ੋਰ ਅਵਸਥਾ ਤੋਂ ਪਹਿਲਾਂ ਦੇ ਸਮੇਂ ਨੂੰ 'ਬਾਲ-ਕਾਲ' ਕਿਹਾ ਜਾਂਦਾ ਹੈ। ਇਸ ਅਵਸਥਾ ਨਾਲ ਜੁੜੇ ਅਨੇਕਾਂ ਪ੍ਰਕਾਰ ਦੇ ਬਾਲ ਗੀਤ ਮਿਲਦੇ ਹਨ। ਇਨ੍ਹਾਂ ਗੀਤਾਂ ਦੇ ਅੰਤਰਗਤ ਇਕ ਭਾਗ ਉਨ੍ਹਾਂ ਬਾਲਗੀਤਾਂ ਦਾ ਆਉਂਦਾ ਹੈ ਜੋ ਪ੍ਰੋੜ ਉਮਰ ਦੇ ਵਿਅਕਤੀਆਂ ਵਲੋਂ ਰਚੇ ਗਏ ਹਨ ਤੇ ਦੂਜੇ ਹਿੱਸੇ ਵਿਚ ਉਹ ਜੋ ਬਾਲਾਂ ਵੱਲੋਂ ਸਵੈ ਦੇ ਮਨੋਰੰਜਨ ਦੇ ਲਈ ਰਚੇ ਗਏ। ਭਾਰਤ ਦੇਸ਼ ਦਾ ਕੋਈ ਭੂ-ਭਾਗ ਅਜਿਹਾ ਨਹੀਂ ਹੈ, ਜਿੱਥੇ ਬਾਲਾਂ ਨੇ ਆਪਣੇ ਮਨੋਰੰਜਨ ਦੇ ਲਈ ਲੋਕਗੀਤ ਨਾ ਰਚੇ ਹੋਣ। ਇਸੇ ਪ੍ਰਕਾਰ ਪੰਜਾਬੀ ਬਾਲਾਂ ਵੱਲੋਂ ਵੀ ਮੌਖਿਕ ਰੂਪ ਵਿਚ ਲੋਕਗੀਤਾਂ ਦੀ ਰਚਨਾ ਹੋਈ ਮਿਲਦੀ ਹੈ। ਇਹਨਾਂ ਲੋਕ-ਗੀਤਾਂ ਦਾ ਅਧਿਐਨ ਸਿੱਧ ਕਰਦਾ ਹੈ ਕਿ ਪੰਜਾਬੀ ਸੱਭਿਆਚਾਰ ਵਿੱਚ ਖੇਡਾਂ, ਰਿਸ਼ਤੇ ਅਤੇ ਰੀਤੀ-ਰਿਵਾਜ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਨ ਸਗੋਂ ਇਹ ਬੱਚਿਆਂ ਅਤੇ ਵਡਿੱਕਿਆਂ ਨੂੰ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜਨ ਦੀ ਇੱਕ ਮਜ਼ਬੂਤ ਕੜੀ ਵਜੋਂ ਕਾਰਜ ਕਰਦੇ ਸਨ।

## *ਹਵਾਲੇ ਅਤੇ ਟਿੱਪਣੀਆ*


1. *ਡਾ. ਮਨਜੀਤ ਸਿੰਘ, ਪੰਜਾਬੀ ਸਭਿਆਚਾਰ ਸੰਦਰਭ, ਆਰਸੀ ਪਬਲਿਸ਼ਰਜ਼,ਦਿੱਲੀ,1997, ਪੰਨਾ: 142*
2. *ਪ੍ਰੋ. ਰਾਜਿੰਦਰ ਪਾਲ ਸਿੰਘ ਬਰਾੜ, ਸੱਭਿਆਚਾਰਕ ਅਧਿਐਨ ਵਿਧੀ : ਸਿਧਾਂਤ ਅਤੇ ਵਿਹਾਰ, ਸਮਦਰਸ਼ੀ, ਸਤੰਬਰ-ਅਕਤੂਬਰ, 2018, ਅੰਕ- 165, ਪੰਨਾ: 69*
3. *ਆਸਾ ਸਿੰਘ ਘੁੰਮਣ, ਸੁੰਦਰ ਮੁੰਦਰੀਏ ਹੋ... (ਲੋਹੜੀ ਦੇ ਲੋਕ-ਗੀਤ), ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2003, ਪੰਨਾ: 118*
4. *ਸੁਖਦੇਵ ਮਾਦਪੁਰੀ, ਲੋਕਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2012 ,ਪੰਨਾ: 18*
5. *ਡਾ. ਨਾਹਰ ਸਿੰਘ, ਲੋਕਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2023, ਪੰਨਾ: 114*
6. *ਸੁਖਦੇਵ ਮਾਦਪੁਰੀ, ਲੋਕਗੀਤਾਂ ਦੀਆਂ ਕੂਲ੍ਹਾਂ: ਸ਼ਗਨਾਂ ਦੇ ਗੀਤ, ਲੋਕਗੀਤ ਪ੍ਰਕਾਸ਼ਨ ,ਚੰਡੀਗੜ੍ਹ, ਪੰਨਾ: 24*



## *Cite this Article-*

*ਮਨਜੀਤ ਕੌਰ (Manjeet Kaur), ਪੰਜਾਬੀ ਲੋਕਗੀਤ ਦਾ ਸਭਿਆਚਾਰਕ ਅਧਿਐਨ: ਬਾਲ-ਕਾਲ ਦੇ ਪ੍ਰਸੰਗ ਵਿਚ (Punjabi Lokgeet Da Sabhiacharak Adhyayan: Baal-Kaal De Prasang Vich), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 96-100.*

*Journal URL: www.armaan.org.in*

*DOI: https://doi.org/10.64119/armaan.vol.4.issue2.18*



*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*